Roll No. ..................

Total No. of Questions : 27]

**031/A**

[Total No. of Printed Pages : 8

**SS**

**2067**

**ਸਲਾਨਾ ਪਰੀਖਿਆ ਪ੍ਰਨਾਲੀ**

# POLITICAL SCIENCE

**(Punjabi, Hindi and English Versions)**

**(Evening Session)**

Time allowed : Three hours

Maximum marks : 90

**(Punjabi Version)**

**ਨੋਟ :** (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **031/A** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਪ੍ਰਸ਼ਨ-ਪੱਤਰ ਦੇ ਚਾਰ ਮੁੱਖ ਭਾਗ **ੳ, ਅ, ੲ, ਸ** ਹੋਣਗੇ ਇਹਨਾਂ ਵਿੱਚ ਪ੍ਰਸ਼ਨਾਂ ਦੀ ਕੁੱਲ ਗਿਣਤੀ 27 ਹੋਵੇਗੀ । **ਵਿਦਿਆਰਥੀ ਨੇ 25 ਪ੍ਰਸ਼ਨ ਕਰਨੇ ਹਨ ।**

(v) **ਭਾਗ–ੳ** ਵਿਚ ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ : ਇਸ ਭਾਗ ਵਿੱਚ ਪ੍ਰਸ਼ਨ *1* ਦੇ ਅੰਤਰਗਤ **ਦੱਸ** ਭਾਗ ਹਨ । ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ । ਉੱਤਰ ਇੱਕ ਅੱਖਰ, ਇੱਕ ਲਾਈਨ, ਖਾਲੀ ਥਾਂ ਜਾਂ ਠੀਕ/ਗਲਤ ਜਾਂ ਬਹੁ ਵਿਕਲਪੀ ਉੱਤਰ ਹੋ ਸਕਦਾ ਹੈ । 10×1=10

(vi) **ਭਾਗ–ਅ** ਵਿੱਚ ਛੋਟੇ ਉੱਤਰਾਂ ਵਾਲੇ ਪ੍ਰਸ਼ਨ : ਇਸ ਭਾਗ ਵਿੱਚ 12 ਪ੍ਰਸ਼ਨ ਹੋਣਗੇ (ਲੜੀ ਨੰ **2 to 13**) ਹਰੇਕ ਪ੍ਰਸ਼ਨ 2 ਅੰਕਾਂ ਦਾ ਹੋਵੇਗਾ । ਹਰੇਕ ਪ੍ਰਸ਼ਨ ਦਾ ਉੱਤਰ 20-30 ਸ਼ਬਦਾਂ ਦਾ ਹੋ ਸਕਦਾ ਹੈ । **ਸਾਰੇ ਪ੍ਰਸ਼ਨ ਜ਼ਰੂਰੀ ਹਨ ।** 12×2=24

(vii) **ਭਾਗ–ੲ** ਛੋਟੇ ਉੱਤਰਾਂ ਵਾਲੇ ਪ੍ਰਸ਼ਨ : ਇਸ ਭਾਗ ਵਿੱਚ **(14 to 23)** ਤਕ ਦਸ ਪ੍ਰਸ਼ਨ ਹੋਣਗੇ । ਹਰੇਕ ਪ੍ਰਸ਼ਨ 4 ਅੰਕਾਂ ਦਾ ਹੋਵੇਗਾ । ਵਿਦਿਆਰਥੀ ਨੇ ਕੋਈ 8 ਪ੍ਰਸ਼ਨ ਕਰਨੇ ਹਨ । ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਹੋ ਸਕਦਾ ਹੈ । 8×4=32

(viii) **ਭਾਗ–ਸ** ਲੰਮੇ ਉੱਤਰਾਂ ਵਾਲੇ ਪ੍ਰਸ਼ਨ : ਇਸ ਭਾਗ ਅਧੀਨ 4 ਪ੍ਰਸ਼ਨ **(24 ਤੋਂ 27)** ਅੰਦਰੂਨੀ ਵਿਕਲਪ ਦੇ ਹੋਣਗੇ । ਹਰੇਕ ਪ੍ਰਸ਼ਨ 6 ਅੰਕਾਂ ਦਾ ਹੈ । ਵਿਦਿਆਰਥੀ ਨੇ 150-200 ਸ਼ਬਦਾਂ ਵਿੱਚ ਉੱਤਰ ਦੇਣਾ ਹੋਵੇਗਾ । 6×4=24

## ਭਾਗ–ੳ

ਅੰਕ = 1×10=10

**ਨੋਟ : ਸਾਰੇ ਭਾਗ ਜ਼ਰੂਰੀ ਹਨ ।**

1. (a) ਸਿਡਨੀ ਵਰਬਾ ਤੇ ਆਲਮੰਡ ਵਲੋਂ ਲਿਖੀ ਰਾਜਨੀਤਿਕ ਸਭਿਆਚਾਰ ਨਾਲ ਸੰਬੰਧਿਤ ਪੁਸਤਕ ਦਾ ਨਾਂ ਲਿਖੋ । 1

(b) ਆਧੁਨਿਕ ਉਦਾਰਵਾਦ ਦੇ ਇੱਕ ਸਮਰਥਕ ਦਾ ਨਾਂ ਲਿਖੋ । 1

(c) ਡੀ.ਐਮ.ਕੇ. ਦਾ ਸੰਬੰਧ ਕਿਸ ਰਾਜ ਨਾਲ ਹੈ ? 1

(d) ਭਾਰਤ ਦੀ ਵਿਦੇਸ਼ ਨੀਤੀ ਦਾ ਮੁੱਖ ਨਿਰਮਾਤਾ ਕੌਣ ਸੀ ? 1

ਖਾਲੀ ਸਥਾਨ ਭਰੋ :

(e) ਰਾਜਨੀਤਿਕ ਸਭਿਆਚਾਰ ਨੂੰ ਇੱਕ ਪੀੜੀ ਤੋਂ ਦੂਜੀ ਪੀੜੀ ਨੂੰ ਦੇਣ ਨੂੰ .............. ਕਿਹਾ ਜਾਂਦਾ ਹੈ । 1

(f) ਭਾਰਤ ਵਿੱਚ ਰਾਜ ਵਿਧਾਨ ਮੰਡਲਾਂ ਦੇ ਮੈਂਬਰਾਂ ਦੀ ਚੋਣ .............. ਵਿੱਧੀ ਦੁਆਰਾ ਕੀਤੀ ਜਾਂਦੀ ਹੈ । 1

ਠੀਕ ਜਾਂ ਗਲਤ ਚੁਣੋ :

(g) ਰਾਜਨੀਤਿਕ ਸਮਾਜੀਕਰਨ ਦੀ ਪ੍ਰਕਿਰਿਆ ਕੁਝ ਚੁਣਵੇਂ ਸਮਾਜਾਂ ਵਿੱਚ ਪਾਈ ਜਾਂਦੀ ਹੈ । 1

(h) ਭਾਰਤ ਦੀ ਜਨਸੰਖਿਆ ਵਿੱਚ ਵਾਧਾ ਭਾਰਤੀ ਲੋਕਤੰਤਰ ਨੂੰ ਪ੍ਰਭਾਵਿਤ ਕਰਦਾ ਹੈ । 1

ਬਹੁ ਵਿਕਲਪੀ ਕਥਨ ਵਾਲੇ ਪ੍ਰਸ਼ਨ :

(i) ਭਾਰਤੀ ਨੌਕਰਸ਼ਾਹੀ ਦੀ ਚੋਣ ਹੁੰਦੀ ਹੈ-

(a) ਲੋਕਾਂ ਦੁਆਰਾ (b) ਵਿਧਾਨ ਮੰਡਲ ਦੁਆਰਾ

(c) ਮੁਕਾਬਲੇ ਦੀ ਪ੍ਰੀਖਿਆ ਦੁਆਰਾ (d) ਰਾਸ਼ਟਰਪਤੀ ਦੁਆਰਾ 1

(j) ਪੰਜਾਬ ਦੇ ਕਿਹੜੇ ਸ਼ਹਿਰ ਵਿੱਚ ਨਗਰ ਨਿਗਮ ਨਹੀਂ ਹੈ :

(a) ਪਠਾਨਕੋਟ (b) ਹੁਸ਼ਿਆਰਪੁਰ

(c) ਕਪੂਰਥਲਾ (d) ਮੋਗਾ 1

## ਭਾਗ–ਅ

ਅੰਕ = 2×12=24

*ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ ।*

2. ਤੁਲਨਾਤਮਕ ਰਾਜਨੀਤੀ ਅਤੇ ਤੁਲਨਾਤਮਕ ਸਰਕਾਰ ਵਿੱਚ ਅੰਤਰ ਲਿਖੋ । 2

3. ਰਾਜਨੀਤਿਕ ਕਾਰਜਪਾਲਿਕਾ ਕਿਸਨੂੰ ਕਹਿੰਦੇ ਹਨ ? 2

4. ਲੋਬੀਇੰਗ ਤੋਂ ਤੁਹਾਡਾ ਕੀ ਭਾਵ ਹੈ ? 2

5. ਇੱਕ ਦਲ ਪ੍ਰਣਾਲੀ ਤੋਂ ਕੀ ਭਾਵ ਹੈ ? ਇਸ ਪ੍ਰਣਾਲੀ ਵਾਲੇ ਦੋ ਦੋਸ਼ ਲਿਖੋ । 2

6. ਬਾਲਗ ਮਤ ਅਧਿਕਾਰ ਦੇ ਪੱਖ ਵਿੱਚ ਦੋ ਦਲੀਲਾਂ ਦਿਉ । 2

7. ਹਿਜਰਤ ਤੋਂ ਗਾਂਧੀ ਜੀ ਦਾ ਕੀ ਭਾਵ ਹੈ ? 2

8. ਅਨਪੜ੍ਹਤਾ ਦਾ ਭਾਰਤੀ ਲੋਕਤੰਤਰ ਤੇ ਕੀ ਪ੍ਰਭਾਵ ਪੈਂਦਾ ਹੈ ? 2

9. ਗ੍ਰਾਮ ਪੰਚਾਇਤ ਦੀ ਆਮਦਨ ਦੇ ਦੋ ਸਾਧਨ ਲਿਖੋ । 2

10. ਭਾਰਤ ਵਿੱਚ ਕਿੰਨੇ ਖੇਤਰੀ ਦਲ ਹਨ ? ਦੋ ਖੇਤਰੀ ਦਲਾਂ ਦੇ ਨਾਂ ਲਿਖੋ । 2

11. ਰਾਸ਼ਟਰੀ ਏਕੀਕਰਨ ਦੇ ਸਮਾਜਿਕ ਪੱਖ ਦਾ ਕੀ ਅਰਥ ਹੈ ? 2

12. ਮੈਕਮੋਹਨ ਰੇਖਾ ਕੀ ਹੈ ? 2

13. ਨਿਸ਼ਸਤਰੀਕਰਨ ਦੀ ਇੱਕ ਪਰਿਭਾਸ਼ਾ ਲਿਖੋ । 2

## ਭਾਗ–ੲ

ਅੰਕ = 4×8=32

*ਨੋਟ : ਕੋਈ ਅੱਠ ਪ੍ਰਸ਼ਨ ਕਰੋ ।*

14. ਪੁਰਾਤਨ ਉਦਾਰਵਾਦ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਲਿਖੋ । 4

15. ਮਾਰਕਸਵਾਦ ਦੇ ਵਰਗ ਸੰਘਰਸ਼ ਦੇ ਸਿਧਾਂਤ ਬਾਰੇ ਤੁਸੀਂ ਕੀ ਜਾਣਦੇ ਹੋ ? 4

16. ਲੋਕਮਤ ਦੀ ਉਸਾਰੀ ਅਤੇ ਪ੍ਰਗਟਾਵੇ ਦੇ ਕੋਈ ਚਾਰ ਸਾਧਨ ਲਿਖੋ । 4

17. ਨੌਕਰਸ਼ਾਹੀ ਦੀ ਨਿਯੁਕਤੀ ਲਈ ਸਰਵ-ਉੱਤਮ ਵਿਧੀ ਕਿਹੜੀ ਹੈ ? 4

18. ਹਿਤ ਸਮੂਹਾਂ ਅਤੇ ਦਬਾਉ ਸਮੂਹਾਂ ਵਿੱਚ ਅੰਤਰ ਲਿਖੋ । 4

19. ਨਗਰਪਾਲਿਕਾ ਦੇ ਕੋਈ ਚਾਰ ਮਹੱਤਵਪੂਰਨ ਕੰਮ ਲਿਖੋ । 4

20. ਭਾਰਤ ਵਿੱਚ ਮਤਦਾਨ ਵਿਹਾਰ ਨੂੰ ਪ੍ਰਭਾਵਿਤ ਕਰਨ ਵਾਲੇ ਚਾਰ ਤੱਤਾਂ ਦਾ ਵਰਨਣ ਕਰੋ । 4

21. ਗੁਟ ਨਿਰਲੇਪਤਾ ਦਾ ਕੀ ਅਰਥ ਹੈ ? 4

22. ਸੰਯੁਕਤ ਰਾਸ਼ਟਰ ਦੇ ਮੁੱਖ ਅੰਗਾਂ ਦੇ ਨਾਂ ਲਿਖੋ । 4

23. ਸਾਰਕ ਕਦੋਂ ਬਣਿਆ ? ਇਸ ਵਿੱਚ ਸ਼ਾਮਲ ਦੇਸ਼ਾਂ ਦੇ ਨਾਂ ਲਿਖੋ । 4

## ਭਾਗ–ਸ

ਅੰਕ = 6×4=24

**ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ ।**

24. ਰਾਬਰਟ. ਏ. ਡਾਹਲ ਦੁਆਰਾ ਦਿੱਤੀਆਂ ਰਾਜਨੀਤਿਕ ਪ੍ਰਣਾਲੀ ਦੀਆਂ ਕੋਈ ਛੇ ਮੁੱਖ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ । 6

ਜਾਂ

ਰਾਜਨੀਤਿਕ ਸਮਾਜੀਕਰਨ ਦੀਆਂ ਛੇ ਮੁੱਖ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ । 6

25. ਲੋਕਤੰਤਰ ਵਿੱਚ ਨੌਕਰਸ਼ਾਹੀ ਦੇ ਕੋਈ ਛੇ ਮਹੱਤਵਪੂਰਨ ਕੰਮਾਂ ਦਾ ਵਰਨਣ ਕਰੋ । 6

ਜਾਂ

ਪ੍ਰਤੱਖ ਚੋਣ ਪ੍ਰਣਾਲੀ ਦੇ ਤਿੰਨ ਗੁਣ ਅਤੇ ਤਿੰਨ ਔਗੁਣਾਂ ਦਾ ਵਰਨਣ ਕਰੋ । 6

26. ਭਾਰਤੀ ਲੋਕਤੰਤਰ ਦੀ ਸਫ਼ਲਤਾ ਲਈ ਜ਼ਰੂਰੀ ਛੇ ਅਵਸਥਾਵਾਂ ਦਾ ਵਰਨਣ ਕਰੋ । 6

ਜਾਂ

ਖੰਡ ਵਿਕਾਸ ਅਤੇ ਪੰਚਾਇਤ ਅਧਿਕਾਰੀ ਦੇ ਛੇ ਕੰਮਾਂ ਦਾ ਵਰਨਣ ਕਰੋ । 6

27. ਭਾਰਤ ਵਿੱਚ ਮੁੱਖ ਰਾਸ਼ਟਰੀ ਰਾਜਨੀਤਿਕ ਦਲਾਂ ਦੇ ਨਾਂ, ਚੋਣ ਨਿਸ਼ਾਨ ਅਤੇ ਪ੍ਰਧਾਨਾਂ ਦੇ ਨਾਂ ਲਿਖੋ । 6

ਜਾਂ

ਸੰਯੁਕਤ ਰਾਸ਼ਟਰ ਵਿੱਚ ਭਾਰਤ ਦੀ ਭੂਮਿਕਾ ਦਾ ਵਰਨਣ ਕਰੋ । 6